# 116th meeting of the India-Pakistan Permanent Indus Commission

## ਭਾਰਤ-ਪਾਕਸਿਤਾਨ ਸਥਾਈ ਸਧਿੰੂ ਕਮਸਿ਼ਨ ਦੀ 116 ਵੀ ਬੈਠਕ

24 **ਮਾਰਚ**, 2021

ਭਾਰਤ ਅਤੇ ਪਾਕਿਸਤਾਨ ਦੇ ਸਿੰਧੂ ਕਮਿਸ਼ਨਰਾਂ ਨੇ ਸਥਾਈ ਸਿੰਧ ਕਮਿਸ਼ਨ **(PIC)** ਦੀ **23-24** ਮਾਰਚ**, 2021** ਨੂੰ ਨਵੀਂ ਦਿੱਲੀ ਵਿਖੇ ਹੋਈ ਸਲਾਨਾ ਬੈਠਕ ਵਿੱਚ ਭਾਗ ਲਿਆ। **1960** ਵਿੱਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਹੋਈ ਸਿੰਧ ਜਲ ਸੰਧੀ ਦੇ ਪ੍ਰਾਵਧਾਨਾਂ ਤਹਿਤ ਦੋਵਾਂ ਕਮਿਸ਼ਨਰਾਂ ਦਾ ਹਰ ਸਾਲ ਘੱਟੋ**-** ਘੱਟ ਇੱਕ ਵਾਰ **(**ਬਦਲ ਬਦਲ ਕੇ ਇੱਕ ਵਾਰ ਪਾਕਿਸਤਾਨ ਵਿਖੇ ਅਤੇ ਇੱਕ ਵਾਰ ਭਾਰਤ ਵਿਖੇ**)** ਮਿਲਣਾ ਜ਼ਰੂਰੀ ਹੈ। ਪਿਛਲੇ ਸਾਲ ਦੀ ਇਹ ਬੈਠਕ **COVID - 19** ਮਹਾਂਮਾਰੀ ਦੇ ਹਾਲਾਤ ਕਾਰਣ ਨਹੀਂ ਹੋ ਸਕੀ ਸੀ।

ਦੋ ਭਾਰਤੀ ਪ੍ਰਾਜੈਕਟਾਂ ਪਕਲ ਦੁਲ **(1000** ਮੈਗਾਵਾਟ**)** ਅਤੇ ਲੋਅਰ ਕਲਨਈ **(48** ਮੈਗਾਵਾਟ**)** ਦੇ ਡਿਜ਼ਾਈਨ ਬਾਰੇ ਵਿਚਾਰ ਵਟਾਂਦਰੇ ਜਾਰੀ ਰਹੇ। ਭਾਰਤੀ ਪੱਖ ਨੇ ਕਿਹਾ ਕਿ ਇਹ ਪ੍ਰਾਜੈਕਟ ਸੰਧੀ ਦੇ ਪ੍ਰਾਵਧਾਨਾਂ ਦਾ ਪੂਰੀ ਤਰ੍ਹਾਂ ਪਾਲਣ ਕਰਦੇ ਹਨ ਅਤੇ ਆਪਣੇ ਦ੍ਰਿਸ਼ਟੀਕੋਣ ਦੀ ਹਿਮਾਇਤ ਵਿੱਚ ਤਕਨੀਕੀ ਅੰਕੜੇ ਪ੍ਰਦਾਨ ਕੀਤੇ।

ਪਾਕਿਸਤਾਨੀ ਪੱਖ ਨੇ ਭਾਰਤੀ ਪੱਖ ਨੂੰ ਬੇਨਤੀ ਕੀਤੀ ਕਿ ਉਹ ਤਜਵੀਜ਼ ਕੀਤੇ ਗਏ ਹੋਰਨਾਂ ਪਣਬਿਜਲੀ ਪ੍ਰਾਜੈਕਟਾਂ ਦੇ ਡਿਜ਼ਾਈਨ ਬਾਰੇ ਜਾਣਕਾਰੀ ਸਾਂਝਾ ਕਰੇ। ਭਾਰਤੀ ਪੱਖ ਨੇ ਭਰੋਸਾ ਦਿਵਾਇਆ ਕਿ ਜਦੋਂ ਅਤੇ ਜਿਸ ਤਰੀਕੇ ਨਾਲ ਵੀ ਲੋੜੀਂਦਾ ਹੋਵੇਗਾ**,** ਸੰਧੀ ਦੀਆਂ ਧਾਰਾਵਾਂ ਤਹਿਤ ਜਾਣਕਾਰੀ ਮੁਹੱਈਆ ਕਰਵਾਈ ਜਾਏਗੀ।

ਇਹ ਮੁਲਾਕਾਤ ਸੁਹਿਰਦ ਮਾਹੌਲ ਵਿੱਚ ਹੋਈ। ਦੋਵਾਂ ਕਮਿਸ਼ਨਰਾਂ ਨੇ ਸੰਧੀ ਤਹਿਤ ਮਸਲਿਆਂ ਨੂੰ ਦੁਵੱਲੇ ਵਿਚਾਰ ਵਟਾਂਦਰੇ ਨਾਲ ਹੱਲ ਕਰਨ ਦੀ ਕੋਸ਼ਿਸ਼ ਵਿੱਚ ਵਧੇਰੇ ਵਾਰ ਗੱਲਬਾਤ ਕਰਨ ਪ੍ਰਤੀ ਆਪਣੀ ਵਚਨਬੱਧਤਾ ਦੀ ਤਸਦੀਕ ਕੀਤੀ। **PIC** ਦੀ ਅਗਲੀ ਬੈਠਕ ਪਾਕਿਸਤਾਨ ਵਿੱਚ ਆਪਸੀ ਸਹੂਲਤ ਦੇ ਸਮੇਂ 'ਤੇ ਕਰਾਉਣ ਬਾਰੇ ਸਹਿਮਤੀ ਦਿੱਤੀ ਗਈ।

**ਨਵੀ ਦਿੱਲੀ**
24 **ਮਾਰਚ**, 2021

DISCLAIMER: This is an approximate translation. The original is available in English on MEA's website and may be referred to as the official press release.